# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ: 35 ਤਹਿਤ ਸਥਾਪਤ)

## ਕੰਟਰੋਲਰ (ਪ੍ਰੀਖਿਆਵਾਂ) ਦਫਤਰ

ਨੰ...22703....../ਸੀ.ਓ.ਈ.

ਮਿਤੀ 27/09/2024......

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,
ਸਮੂਹ ਕੰਸਟੀਚੁਐਂਟ ਕਾਲਜ/ਨੇਬਰਹੁੱਡ ਕੈਂਪਸ ਅਤੇ
ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ/ਕੋਆਰਡੀਨੇਟਰ ਸਾਹਿਬਾਨ,

ਕਾਲਜ/ਵਿਭਾਗ ਦੇ ਰੈਗੂਲਰ ਵਿਦਿਆਰਥੀ ਯੂਨੀਵਰਸਿਟੀ ਦੇ ਪ੍ਰੀਖਿਆ ਸ਼ਾਖਾ ਨਾਲ ਸਬੰਧਿਤ ਕਿਸੇ ਵੀ ਕੰਮ ਲਈ ਸਿੱਧੇ ਤੌਰ ਤੇ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਵਿੱਚ ਪਹੁੰਚ ਜਾਂਦੇ ਹਨ, ਜਿਸ ਨਾਲ ਪ੍ਰੀਖਿਆ ਸ਼ਾਖਾ ਦੇ ਕੰਮ ਵਿੱਚ ਰੁਕਾਵਟ ਆਉਂਦੀ ਹੈ। ਇਸ ਤਰ੍ਹਾਂ ਨਾਲ ਵਿਦਿਆਰਥੀ ਅਤੇ ਕਰਮਚਾਰੀ ਦੋਵੇਂ ਧਿਰ ਪ੍ਰੇਸ਼ਾਨ ਹੁੰਦੇ ਹਨ। ਕੰਟਰੋਲਰ (ਪ੍ਰੀਖਿਆਵਾਂ) ਦਫਤਰ ਵੱਲੋਂ ਪਹਿਲਾਂ ਵੀ ਪੱਤਰ ਨੰ. 5674/ਸੀ.ਓ.ਈ. ਮਿਤੀ 22.10.2021 ਅਤੇ ਪੱਤਰ ਨੰ. 6847/ਸੀ.ਓ.ਈ. ਮਿਤੀ 20.07.2023 ਰਾਹੀਂ ਸਾਰੇ ਵਿਭਾਗਾਂ/ਕਾਲਜਾਂ ਨੂੰ ਹਦਾਇਤ ਕੀਤੀ ਗਈ ਸੀ ਕਿ ਆਪਣੇ ਕਿਸੇ ਵੀ ਵਿਦਿਆਰਥੀ ਨੂੰ ਸਿੱਧੇ ਤੌਰ ਤੇ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਨਾ ਭੇਜਿਆ ਜਾਵੇ। ਵਿਦਿਆਰਥੀਆਂ ਦੇ ਪ੍ਰੀਖਿਆ ਸ਼ਾਖਾ ਨਾਲ ਸਬੰਧਿਤ ਹਰ ਤਰ੍ਹਾਂ ਦੇ ਕੰਮ ਲਈ ਕਾਲਜ/ਵਿਭਾਗ ਦਾ ਸਬੰਧਿਤ ਕਰਮਚਾਰੀ ਹੀ ਪ੍ਰੀਖਿਆ ਸ਼ਾਖਾ ਨਾਲ ਤਾਲਮੇਲ ਰੱਖਣਗੇ।

ਇਸ ਹਦਾਇਤ ਦੇ ਬਾਵਜੂਦ ਕਾਲਜ/ਵਿਭਾਗ ਦੇ ਵਿਦਿਆਰਥੀ ਖੁਦ ਸਿੱਧਾ ਹੀ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਆਉਂਦੇ ਹਨ ਜਾਂ ਕਾਲਜ/ਵਿਭਾਗ ਵੱਲੋਂ ਭੇਜਿਆ ਜਾਂਦਾ ਹੈ। ਸਾਰੇ ਕਾਲਜਾਂ/ਵਿਭਾਗਾਂ ਨੂੰ ਮੁੜ ਹਦਾਇਤ ਕੀਤੀ ਜਾਂਦੀ ਹੈ ਕਿ ਵਿਦਿਆਰਥੀਆਂ ਦੇ ਪ੍ਰੀਖਿਆ ਸ਼ਾਖਾ ਨਾਲ ਸਬੰਧਿਤ ਹਰ ਤਰ੍ਹਾਂ ਦੇ ਕੰਮਾਂ ਲਈ ਕਾਲਜਾਂ/ਵਿਭਾਗ ਦੇ ਸਬੰਧਿਤ ਕਰਮਚਾਰੀ ਵੱਲੋ ਹੀ ਬਣਦੀ ਕਾਰਵਾਈ ਕਰਵਾਈ ਜਾਵੇ ਅਤੇ ਸਾਰੇ ਦਸ਼ਤਾਵੇਜ ਪੂਰੇ ਕੀਤੇ ਜਾਣ। ਡੀ.ਐਮ.ਸੀ./ਡਿਗਰੀ/ਮਾਈਗ੍ਰੇਸ਼ਨ ਆਦਿ ਤਿਆਰ ਹੋਣ ਦੀ ਸੂਰਤ ਵਿੱਚ ਸਿਰਫ ਕਾਲਜ/ਵਿਭਾਗ ਦੇ ਸਬੰਧਿਤ ਕਰਮਚਾਰੀਆਂ ਨੂੰ ਹੀ ਦਿੱਤੇ ਜਾਣਗੇ। ਕਿਸੇ ਵੀ ਵਿਦਿਆਰਥੀ ਨੂੰ ਸਿੱਧੇ ਤੌਰ ਤੇ ਯੂਨੀਵਰਸਿਟੀ ਦੀ ਪ੍ਰੀਖਿਆ ਸ਼ਾਖਾ ਵੱਲੋਂ ਕੋਈ ਵੀ ਦਸ਼ਤਾਵੇਜ ਦਸਤੀ ਨਹੀਂ ਦਿੱਤੇ ਜਾਣਗੇ। ਆਪ ਦੇ ਕਾਲਜ/ਵਿਭਾਗ ਦੇ ਵਿਦਿਆਰਥੀਆਂ ਨੂੰ ਹਦਾਇਤ ਕੀਤੀ ਜਾਵੇ ਕਿ ਪ੍ਰੀਖਿਆ ਸ਼ਾਖਾ ਵਿੱਚ ਜਾਣ ਤੋਂ ਗੁਰੇਜ ਕਰਨ। ਪ੍ਰੀਖਿਆ ਸ਼ਾਖਾ ਨਾਲ ਸਬੰਧਿਤ ਕਿਸੇ ਵੀ ਕੰਮ ਲਈ ਕਿਸੇ ਵੀ ਵਿਦਿਆਰਥੀ ਨੂੰ ਯੂਨੀਵਰਸਿਟੀ ਪ੍ਰੀਖਿਆ ਸ਼ਾਖਾ ਨਾ ਭੇਜਿਆ ਜਾਵੇ।

Sharma
27/09/24

**ਕੰਟਰੋਲਰ (ਪ੍ਰੀਖਿਆਵਾਂ)**

Scanned with CamScan

# ਪੰਜਾਬੀ ਯੂਨੀਵਰਸਿਟੀ, ਪਟਿਆਲਾ

(1961 ਦੇ ਪੰਜਾਬ ਐਕਟ ਨੰ. 35 ਤਹਿਤ ਸਥਾਪਤ)

ਕੰਟਰੋਲਰ ਪ੍ਰੀਖਿਆਵਾਂ ਦਫ਼ਤਰ

ਨੰ...22702.......ਸੀ.ਓ.ਈ

ਮਿਤੀ...27/09/2024.

ਸਮੂਹ ਵਿਭਾਗਾਂ ਦੇ ਮੁਖੀ ਸਾਹਿਬਾਨ,

ਸਮੂਹ ਕੰਸਟੀਚਿਊਟ ਕਾਲਜ/ਨੇਬਰਹੁੱਡ ਕੈਂਪਸ ਅਤੇ

ਕਾਲਜਾਂ ਦੇ ਪ੍ਰਿੰਸੀਪਲ/ਇੰਚਾਰਜ਼/ਕੋਆਰਡੀਨੇਟਰ ਸਾਹਿਬਾਨ,

**ਵਿਸਾ: ਸਾਲ 2024 ਵਿੱਚ ਹੋਣ ਵਾਲੀਆਂ ਪ੍ਰੀਖਿਆ ਦੇ ਵਿਦਿਆਰਥੀਆਂ ਦੀ ਪਾਤਰਤਾ ਪੂਰੀ ਕਰਨ ਸਬੰਧੀ।**

ਯੂਨੀਵਰਸਿਟੀ ਵਲੋਂ ਦਸੰਬਰ 2024 ਦੀਆਂ ਪ੍ਰੀਖਿਆਵਾਂ ਲਈ ਪ੍ਰੀਖਿਆਂ ਫਾਰਮ ਭਰਵਾਏ ਜਾ ਰਹੇ ਹਨ ਜਿਸ ਦੀ ਆਖਰੀ ਮਿਤੀ 30/9/2024 ਹੈ ਇਸ ਲਈ ਆਪ ਸਭ ਨੂੰ ਲਿਖਿਆ ਜਾਂਦਾ ਹੈ ਕਿ ਪ੍ਰੀਖਿਆ ਸ਼ਾਖਾ ਵਿਦਿਆਰਥੀਆਂ ਦੇ ਰੋਲ ਨੰਬਰ ਜਾਰੀ ਹੋਣ ਤੋ ਪਹਿਲਾ ਜੇਕਰ ਆਪ ਜੀ ਦੇ ਵਿਭਾਗ/ਕਾਲਜ ਦੇ ਕਿਸੇ ਵਿਦਿਆਰਥੀ ਦੇ ਹੇਠ ਲਿਖੇ ਇਤਰਾਜ਼ ਬਾਕੀ ਹਨ ਤਾ ਤੁਰੰਤ ਜਾ ਪ੍ਰੀਖਿਆ ਸ਼ੁਰੂ ਹੋਣ ਤੋ ਪਹਿਲਾ ਯੂਨੀਵਰਸਿਟੀ ਆ ਕੇ ਇਤਰਾਜ਼ਾ ਦੀ ਪੂਰਤੀ ਕਰਨ ਤਾ ਜ਼ੋ ਯੂਨੀਵਰਸਿਟੀ ਵਲੋਂ ਰਿਜਲਟ ਘੋਸਿਤ ਕਰਨ ਉਪਰੰਤ ਵਿਦਿਆਰਥੀਆਂ ਨੂੰ ਕਿਸੇ ਤਰ੍ਹਾ ਦੀ ਪਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਏ।

1 ਆਰ.ਐਲ.ਆਰ ਕਲੀਅਰ ਕਰਵਾਉਣ ਵਾਲੇ ਵਿਦਿਆਰਥੀਆਂ ਦੇ ਇਤਰਾਜ਼ਾ ਦੀ ਪੂਰਤੀ
2 ਆਰ.ਐਲ.ਈ ਕਲੀਅਰ ਕਰਵਾਉਣ ਵਾਲੇ ਵਿਦਿਆਰਥੀਆਂ ਦੇ ਇਤਰਾਜ਼ਾ ਦੀ ਪੂਰਤੀ
3 ਆਰ.ਐਲ.ਐਫ ਕਲੀਅਰ ਕਰਵਾਉਣ ਵਾਲੇ ਵਿਦਿਆਰਥੀਆਂ ਦੇ ਇਤਰਾਜ਼ਾ ਦੀ ਪੂਰਤੀ
4 ਨਵੇ ਦਾਖਲ ਹੋਏ ਵਿਦਿਆਰਥੀਆਂ ਦੇ ਰਜਿਸਟਰੇਸ਼ਨ ਸਬੰਧੀ ਸਾਰੇ ਇਤਰਾਜਾਂ ਦੀ ਪੂਰਤੀ

ਇਥੇ ਸਪਸ਼ਟ ਕੀਤਾ ਜਾਦਾ ਹੈ ਕਿ ਜੇਕਰ ਆਪ ਜੀ ਵਲੋਂ ਉਪਰੋਕਤ ਦਰਸਾਏ ਇਤਰਾਜਾਂ ਦੀ ਪੂਰਤੀ ਯੂਨੀਵਰਸਿਟੀ ਵਲੋਂ ਦਸੰਬਰ 2024 ਵਿੱਚ ਪ੍ਰੀਖਿਆਵਾਂ ਸ਼ੁਰੂ ਹੋਣ ਤੋ ਪਹਿਲਾਂ ਪੂਰਤੀ ਨਹੀਂ ਕਰਵਾਈ ਜਾਦੀ ਤਾ ਪ੍ਰੀਖਿਆ ਸ਼ਾਖਾ ਵਲੋਂ ਉਨ੍ਹਾਂ ਵਿਦਿਆਰਥੀਆਂ ਦੇ ਰੋਲ ਨੰਬਰ ਰੋਕ ਦਿੱਤੇ ਜਾਣਗੇ ਅਤੇ ਵਿਦਿਆਰਥੀਆਂ ਨੂੰ ਕਿਸੇ ਵੀ ਹਾਲਾਤ ਵਿਚ ਪ੍ਰੀਖਿਆ ਵਿੱਚ ਬੈਠਣ ਦੀ ਆਗਿਆ ਨਹੀਂ ਦਿੱਤੀ ਜਾਵੇਗੀ। **ਇਸ ਦੀ ਸਾਰੀ ਜਿੰਮੇਵਾਰੀ ਵਿਭਾਗ/ਕਾਲਜ ਦੇ ਮੁਖੀ/ਇੰਚਾਰਜ ਦੀ ਹੋਵੇਗੀ।**

Seema
27/09/24

**ਕੰਟਰੋਲਰ (ਪ੍ਰੀਖਿਆਵਾਂ)**

Scanned with CamScan